Weekly

# CANADA SIKH TIMES

1 - 7 June 2025 | ਕੈਨੇਡਾ ਸਿੱਖ ਟਾਈਮਜ਼ | Volume 3 Issue 22

• RELIGION • CULTURE • HERITAGE • BUSINESS

## ਸਾਹਿਬ ਸਿੰਘ ਨੇ ਰਚਿਆ ਇਤਿਹਾਸ ਬਣੇ ਭਾਰਤ ਦੇ ਨਵੇਂ ਇੰਟਰਨੈਸ਼ਨਲ ਮਾਸਟਰ !



ਭਾਰਤ ਦੀ ਰਾਜਧਾਨੀ ਦਿੱਲੀ ਨਾਲ ਸੰਬੰਧਤ 16 ਸਾਲਾ ਸਾਹਿਬ ਸਿੰਘ ਨੇ ਸ਼ਤਰੰਜ ਦੀ ਦੁਨੀਆ ਵਿੱਚ ਇਤਿਹਾਸ ਰਚਿਆ ਹੈ। ਉਹ ਅਧਿਕਾਰਿਕ ਤੌਰ ’ਤੇ ਇੰਟਰਨੈਸ਼ਨਲ ਮਾਸਟਰ (IM) ਦਾ ਖਿਤਾਬ ਹਾਸਲ ਕਰ ਚੁੱਕੇ ਹਨ। ਇਹ ਉਪਲਬਧੀ ਨਾ ਸਿਰਫ਼ ਉਹਨਾਂ ਲਈ, ਸਗੋਂ ਸਾਰੀ ਸਿੱਖ ਕੌਮ ਅਤੇ ਭਾਰਤ ਦੇ ਲਈ ਮਾਣਯੋਗ ਪਲ ਹੈ। ਸਾਹਿਬ ਸਿੰਘ ਇਹ ਮਾਨ ਪ੍ਰਾਪਤ ਕਰਨ ਵਾਲੇ ਪਹਿਲੇ ਸਿੱਖ ਖਿਡਾਰੀ ਬਣ ਗਏ ਹਨ, ਜਿਸ ਨਾਲ ਸਿੱਖ ਕੌਮ ਵਿਚ ਇੱਕ ਨਵਾਂ ਇਤਿਹਾਸ ਲਿਖਿਆ ਗਿਆ ਹੈ। ਉਨ੍ਹਾਂ ਦੀ ਲਗਨ, ਅਣਥੱਕ ਮਿਹਨਤ ਅਤੇ ਤੇਜ਼ ਬੁੱਧੀ ਨੇ ਉਨ੍ਹਾਂ ਨੂੰ ਕਮਾਲ਼ ਦੀ ਉਚਾਈ ’ਤੇ ਪਹੁੰਚਾ ਦਿੱਤਾ ਹੈ। ਸਾਹਿਬ ਦੀ ਇਹ ਕਾਮਯਾਬੀ ਭਵਿੱਖ ਦੇ ਖਿਡਾਰੀਆਂ ਲਈ ਪ੍ਰੇਰਣਾ ਦਾ ਸਰੋਤ ਹੈ। ਉਹ ਸਿੱਖਣ ਵਾਲਿਆਂ ਨੂੰ ਦਿਖਾ ਰਹੇ ਹਨ ਕਿ ਜੇਕਰ ਇਰਾਦੇ ਮਜ਼ਬੂਤ ਹੋਣ, ਤਾਂ ਉਮਰ ਸਿਰਫ਼ ਇੱਕ ਅੰਕੜਾ ਬਣ ਜਾਂਦੀ ਹੈ। ਭਾਰਤ ਅਤੇ ਵਿਸ਼ਵ ਭਰ ਤੋਂ ਲੱਖਾਂ ਲੋਕਾਂ ਨੇ ਉਨ੍ਹਾਂ ਨੂੰ ਇਸ ਇਤਿਹਾਸਕ ਮੌਕੇ ’ਤੇ ਵਧਾਈਆਂ ਦਿੱਤੀਆਂ ਹਨ ਅਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਸਨੂੰ ਅੱਗੇ ਆਉਣ ਵਾਲੇ ਮੁਕਾਬਲਿਆਂ ਵਿਚ ਕਾਮਯਾਬੀ ਬਖਸ਼ਣ।

## Free coaching supported by Young Progressive Sikh Forum




Young Progressive Sikh Forum's (YPSF) vision of empowering meritorious yet economically weak students from Punjab and Haryana has finally borne fruit as 18 young aspirants are all set to appear for the prestigious Civil Services examination. The initiative, spearheaded by the Young Progressive Sikh Forum (YPSF), in association with Sankalp Institute, has provided comprehensive support to deserving students, ensuring financial constraints do not hinder their dreams of serving the nation. The initiative has received widespread appreciation, with several dignitaries extending their support. Governor Gulab Chand Kataria attended the ceremony and conveyed his best wishes to the students, applauding YPSF's efforts in shaping future leaders.

## Sunmeet Singh Becomes First-Ever Sikh Bodybuilder to Qualify for Mr. Olympia 2025



In a groundbreaking achievement that has sent waves of pride through the global Sikh and bodybuilding communities, Sunmeet Singh Gill has etched his name in history by becoming the first-ever Sikh bodybuilder to qualify for the prestigious Mr. Olympia 2025 competition.

Representing a fusion of strength, discipline, and cultural pride, Gill earned his qualification after clinching top honors at the Pro Ultimate Championship, where his impeccable physique, unmatched dedication, and powerful stage presence earned him both admiration and accolades. Wearing his turban with pride, Gill's presence on the international bodybuilding stage is not just a personal milestone—it's a monumental representation of the Sikh identity in a sport that rarely sees such diversity. His journey is an inspiration to aspiring athletes across the globe who dare to dream beyond limitations. Gill's achievement marks a new era for Sikh representation in professional bodybuilding, and his participation in Mr. Olympia 2025 is highly anticipated by fans and fitness enthusiasts worldwide.

As he prepares to step onto one of the world's most elite stages, the community rallies behind him, celebrating not just his physique, but the powerful message he carries: that with faith, discipline, and relentless effort, no dream is too distant.

DESH VIDESH

# ਸਿੱਖ ਇਤਿਹਾਸ ਦੀ ਅਹਿਮ ਘਟਨਾ "ਛੋਟਾ ਘੱਲੂਘਾਰਾ" - 2



ਇੰਦਰਜੀਤ ਕੌਰ, ਮਹਾਰਾਸ਼ਟਰ



ਅਖੀਰ ਦੀਵਾਨ ਲਖਪਤ ਨੇ ਗ੍ਰਿਫਤਾਰ ਕੀਤੇ ਸਿੰਘਾਂ ਨੂੰ ਚਰਖੜੀਆਂ ਉੱਤੇ ਚਾੜ ਕੇ, ਸੂਲੀਆਂ ਉੱਤੇ ਟੰਗ ਕੇ, ਅੱਗ ਵਿੱਚ ਸਾੜ ਕੇ, ਆਰਿਆ ਨਾਲ ਚੀਰ ਕੇ, ਅਸਹਿ ਤੇ ਅਕਹਿ ਤਸੀਏ ਦੇ ਕੇ ਸ਼ਹੀਦ ਕਰ ਦਿੱਤਾ।

ਇਸ ਦੌਰਾਨ ਸਿੰਘ ਮੈਦਾਨੀ ਖੇਤਰ ਛੱਡ ਕੇ ਜੰਗਲਾਂ ਵਿੱਚ ਲੁਕੇ ਹੋਏ ਸਨ। ਇਹ ਸਮਾਂ ਖਾਲਸੇ ਲਈ ਵੱਡੀ ਮੁਸੀਬਤ ਵਾਲਾ ਸੀ। ਯਾਹੀਆ ਖਾਨ ਤੇ ਲਖਪਤ ਰਾਏ ਇੱਕ ਵੱਡੀ ਫੌਜ ਤੋਪਾਂ, ਜੰਬੂਰੇ ਲੈ ਕੇ ਸਿੰਘਾਂ ਉੱਪਰ ਚੌੜਾਈ ਲਈ ਤੁਰ ਪਿਆ ਸੀ। ਉਸਨੇ ਵੱਡੀ ਗਿਣਤੀ ਵਿੱਚ ਨਵੀਂ ਫੌਜ ਭਰਤੀ ਵੀ ਕੀਤੀ। ਮੁਲਤਾਨ, ਲਾਹੌਰ ਤੇ ਬਹਾਲਪੁਰ ਤੱਕ ਦੀ ਸਾਰੀ ਫੌਜ ਵੀ ਆਪਣੇ ਨਾਲ ਸ਼ਾਮਿਲ ਕਰ ਲਈ ਸੀ। ਪਹਾੜੀ ਹ ਨਵਾਬਾਂ ਨੂੰ ਵੀ ਮਦਦ ਲਈ ਸ਼ਾਹੀ ਫੁਰਮਾਨ ਭੇਜੇ ਗਏ।

ਤਕਰੀਬਨ ੧੫ ਕੁ ਹਜਾਰ ਸਿੰਘਾਂ ਦਾ ਦਲ ਕਾਹਨੂੰਵਾਨ ਦੇ ਛੰਭ ਦੇ ਆਸ ਪਾਸ ਟਿਕਿਆ ਹੋਇਆ ਸੀ। ਇਹਨਾਂ ਵਿੱਚ ਸਰਦਾਰ ਕਪੂਰ ਸਿੰਘ, ਸਰਦਾਰ ਸੁੱਖਾ ਸਿੰਘ ਮਾੜੀ ਕੰਬੋਕੇ, ਸਰਦਾਰ ਗੁਰਦਿਆਲ ਸਿੰਘ ਡੱਲੇਵਾਲੀਆਂ, ਸਰਦਾਰ ਚੜਤ ਸਿੰਘ ਸ਼ੁਕਰਚਜਰੀਆ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਮੁੱਖ ਸਨ। ਖਾਲਸੇ ਲਈ ਇਹ ਬਹੁਤ ਹੀ ਬਿਪਤਾ ਦਾ ਸਮਾਂ ਸੀ। ਦੁਸ਼ਮਣ ਦੀ ਗਿਣਤੀ ਜਿਆਦਾ ਸੀ ਤੇ ਸਿੰਘਾਂ ਦੀ ਗਿਣਤੀ ਘੱਟ ਸੀ। ਜੰਗੀ ਸਮਾਨ ਦੀ ਵੀ ਕਮੀ ਸੀ, ਭੁੱਖ ਦਾ ਵੀ ਦੁੱਖ ਬਹੁਤ ਸਤਾ ਰਿਹਾ ਸੀ।

ਭੁੱਖੇ ਭਾਣੇ ਸਿੰਘ ਅੱਗੇ ਨੂੰ ਨਿਕਲ ਤੁਰੇ। ਸਿੰਘ ਇਸ ਸਮੇਂ ਐਸੇ ਇਲਾਕੇ ਵਿੱਚ ਸਨ, ਜਿੱਥੇ ਸੱਜੇ ਪਾਸੇ ਰਾਵੀ, ਪਿੱਛੇ ਦੁਸ਼ਮਣ ਦੀ ਫੌਜ, ਸਾਹਮਣੇ ਪਹਾੜਾ ਉੱਪਰੋਂ ਹੋ ਰਹੀ ਪੱਥਰ ਤੇ ਗੋਲੀਆਂ ਦੀ ਵਰਖਾ। ਨਾ ਰਸਦ,ਨਾ ਪਾਣੀ ,ਨਾ ਤੋਪਾਂ ਨਾਹੀ ਘੋੜੇ ਤੇ ਹੋਰ ਜੰਗੀ ਸਮਾਨ ਸਿੰਘਾਂ ਦੇ ਪਾਸ ਸੀ। ਕੇਵਲ ਤੇ ਕੇਵਲ ਆਪਣੇ ਧਰਮ ਅਤੇ ਅਕਾਲ ਪੁਰਖ ਉੱਤੇ ਅਟੁੱਟ ਵਿਸ਼ਵਾਸ ਸੀ ਜਿਸ ਦੀ ਬਦੌਲਤ ਸਿੰਘਾਂ ਦੇ ਹੌਸਲੇ ਬੁਲੰਦ ਸਨ ਤੇ ਜਿਸ ਕਰਕੇ ਉਹ ਚੜਦੀ ਕਲਾ ਦੇ ਜੈਕਾਰੇ ਗੁੰਜਾਇ ਰਹੇ ਸਨ। ਸਿੰਘ ਜੰਗਲ ਚੀਰ ਦੇ ਅੱਗੇ ਨਿਕਲਦੇ ਜਾ ਰਹੇ ਸਨ ਤੇ ਪਿੱਛੇ ਲਖਪਤ ਹੱਲਾ ਕਰਦਾ ਆ ਰਿਹਾ ਸੀ। ਕਈ ਵਾਰ ਸਿੰਘ ਪਿੱਛੇ ਮੁੜ ਕੇ ਵੈਰੀ ਦਲ ਉੱਤੇ ਹੱਲਾ ਕਰ ਕੇ ਅੱਗੇ ਤੁਰੀ ਜਾ ਰਹੀ ਸੀ। ਸਿੰਘ ਹੌਲੀ ਹੌਲੀ ਪਹਾੜੀ ਖੇਤਰ ਵੱਲ ਵੱਧਣ ਲੱਗੇ, ਕਿਉਂਕਿ ਜੰਗਲੀ ਪੇੜਾ ਨੂੰ ਲਖਪਤ ਅੱਗ ਲਾ ਕੇ ਜਾਂ ਤੋਪਾਂ ਦੇ ਗੋਲੀਆਂ ਨਾਲ ਸਾੜੀ ਜਾ ਰਿਹਾ ਸੀ। ਇਹੋ ਜਿਹੀ ਮੌਤ ਮਰਨ ਨਾਲੋਂ ਸਿੰਘਾਂ ਨੇ ਆਹਮਣੇ ਸਾਹਮਣੇ ਹੋ ਕੇ ਲੜ ਮਰਨ ਦਾ ਫੈਸਲਾ ਕੀਤਾ। ਜੰਗ ਲੜਨ ਲਈ ਸਿੰਘਾਂ ਨੇ ਘੋੜਿਆਂ ਦਾ ਪ੍ਰਬੰਧ ਕਰਨ ਦਾ ਫੈਸਲਾ ਕੀਤਾ। ਕੁਝ ਸਿੰਘ ਦੁਸ਼ਮਣ ਨੂੰ ਚਕਮਾਂ ਦੇਣ ਲਈ ਮੈਦਾਨ ਵਿੱਚ ਭੱਜ ਨਿਕਲੇ ਤੇ ਰਾਤ ਸਮੇਂ ਫਿਰ ਪਿੱਛੇ ਮੁੜ ਕੇ ਦੁਸ਼ਮਣ ਦਲ ਉੱਤੇ ਹੱਲਾ ਕਰਕੇ ਘੋੜੇ ਅਤੇ ਦਾਣਾ ਰਸਦ ਲੈ ਕੇ ਮੁੜ ਜੰਗਲ ਵਿੱਚ ਜਾ ਪਹੁੰਚੇ।

ਸਿੰਘਾਂ ਦੇ ਇਸ ਕਾਰਨਾਮੇ ਨੇ ਲਖਪਤ ਰਾਏ ( ਲੱਖੂ)ਨੂੰ ਹੋਰ ਖਿਜਾ ਦਿੱਤਾ। ਉਸਨੇ ਜੰਗਲ ਕਟਾਉਣਾ ਸ਼ੁਰੂ ਕਰ ਦਿੱਤਾ। ਉਹ ਜੰਗਲ ਵਿੱਚ ਲੁਕੇ ਸਿੰਘਾਂ ਉੱਪਰ ਤੋਪਾਂ ਅਤੇ ਗੋਲੀਆਂ ਦੀ ਵਰਖਾ ਕਰਨ ਲੱਗ ਪਿਆ। ਆਖਿਰ ਸਿੰਘ ਜੰਗਲ ਵਿੱਚੋਂ ਬਾਹਰ ਨਿਕਲ ਤੁਰੇ। ਇੱਕ ਥਾਂ ਸਰਦਾਰ ਗੁਰਦਿਆਲ ਸਿੰਘ ਡੱਲੇ ਵਾਲਿਆਂ ਦੇ ਦੋ ਭਰਾਵਾਂ ਨੇ ਰਾਵੀ ਦਾ ਬਹਾਵ ਦੇਖਣ ਲਈ ਆਪਣੇ ਘੋੜਿਆਂ ਸਮੇਤ ਰਾਵੀ ਦਰੀਆ ਵਿੱਚ ਛਲਾਂਗ ਲਗਾ ਦਿੱਤੀ, ਪਰ ਪਾਣੀ ਦਾ ਬਹਾਵ ਇਨਾ ਤੇ ਸੀ ਕਿ ਦੋਵੇਂ ਸਿੰਘ ਘੋੜਿਆਂ ਸਮੇਤ ਪਾਣੀ ਵਿੱਚ ਰੁੜ ਗਏ। ਸਿੰਘ ਬਸੌਲੀ ਵੱਲ ਨੂੰ ਤੁਰ ਪਏ ਪਰ ਅੱਗੋਂ ਰਾਜਪੂਤਾਂ ਨੇ ਤਕੜਾ ਮੁਕਾਬਲਾ ਕੀਤਾ। ਕੁਝ ਸਿੰਘਾਂ ਨੇ ਪਹਾੜਾਂ ਉੱਪਰ ਚੜਨ ਦਾ ਯਤਨ ਕੀਤਾ ਤਾਂ ਪਹਾੜੀ ਲੋਕਾਂ ਨੇ ਗੋਲੀਆਂ ਅਤੇ ਪੱਥਰਾਂ ਨਾਲ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਖਾਲਸਾ ਪੂਰੀ ਤਰ੍ਹਾਂ ਮੁਸੀਬਤ ਵਿੱਚ ਘਿਰਿਆ ਹੋਇਆ ਸੀ। ਕਈ ਦਿਨਾਂ ਦੀ ਥਕਾਵਟ ,ਭੁੱਖ ਅਤੇ ਕਈ ਦਿਨਾਂ ਦਾ ਉਨੀਂਦਰਾ ਸੀ, ਪਰ ਸਦਕੇ ਜਾਈਐ ਇਨਾਂ ਸੂਰਬੀਰ ਯੋਧਿਆਂ ਤੇ ਜਿਹੜੇ ਸਬਰ ਤੇ ਸਿਦਕ ਵਿੱਚ ਪੱਕੇ ਸਨ ਤੇ ਹਿੰਮਤ ਵੀ ਨਹੀਂ ਹਾਰੀ ਕਿਉਂਕਿ ਭੁੱਖ ਤੇ ਮੁਸਾਫਰੀ ਨੂੰ ਸਿਆਣਿਆਂ ਨੇ ਮੌਤ ਦਾ ਰੂਪ ਮੰਨਿਆ ਹੈ ਪਰ ਇਹ ਸਿੱਧ ਕੀ ਸੂਰਮੇ ਸਿੱਧ ਧਰਮ ਦੇ ਪੱਕੇ ਸਨ ਤਦ ਹੀ ਇਸ ਸਿਰ ਪਈ ਬਿਪਤਾ ਦਾ ਮੁਕਾਬਲਾ ਕਰਨ ਲਈ ਪੂਰੇ ਜੋਸ਼ ਵਿੱਚ ਸਨ।

ਆਖ਼ੀਰ ਖਾਲਸੇ ਨੇ ਮੈਦਾਨ ਵਿੱਚ ਆਹਮਣੇ ਸਾਹਮਣੇ ਹੋ ਕੇ ਲੜਨ ਦਾ ਫੈਸਲਾ ਕੀਤਾ। ਮੁਖੀ ਸਰਦਾਰਾਂ ਦੀ ਕਮਾਨ ਹੇਠ ਖਾਲਸੇ ਨੇ ਦੁਸ਼ਮਣ ਫੌਜ ਦਾ ਡੱਟ ਕੇ ਮੁਕਾਬਲਾ ਕੀਤਾ। ਇਸ ਜੰਗ ਦੌਰਾਨ ਸਰਦਾਰ ਸੁੱਖਾ ਸਿੰਘ ਮਾੜੀ ਕੰਬੋਕੇ ਵਾਲੇ ਲਖਪਤ ਰਾਏ ਨੂੰ ਲੱਭਦੇ ਰਹੇ ਪਰ ਉਹ ਕਾਬੂ ਨਾ ਆਇਆ। ਤੋਪ ਦੇ ਗੋਲੇ ਨਾਲ ਸਰਦਾਰ ਸੁੱਖਾ ਸਿੰਘ ਦੀ ਲੱਤ ਦੀ ਹੱਡੀ ਟੁੱਟ ਗਈ, ਪਰ ਇਸ ਧਰਮੀ ਯੋਧੇ ਨੇ ਇਸ ਜਖਮ ਵੀ ਕੋਈ ਪਰਵਾਹ ਨਾ ਕੀਤੀ। ਆਪਣੀ ਪੱਗ ਪਾੜ ਕੇ ਲੱਤ ਕਾਠੀ ਨਾਲ ਬੰਨ ਲਈ ਤੇ ਜੰਗ ਲੜਨ ਵਿੱਚ ਰੁੱਝੇ ਰਹੇ। ਬੜੀ ਗਹਿਗੱਚ ਲੜਾਈ ਹੋਈ। ਇਸ ਲੜਾਈ ਵਿੱਚ ਜਸਪਤ ਰਾਏ ਦਾ ਪੁੱਤਰ ਹਰਭਜ ਰਾਏ, ਯਾਹੀਆ ਖਾਨ ਦਾ ਪੁੱਤਰ ਨਾਹਰ ਖਾਨ, ਮਖਮੂਰ ਖਾਨ, ਫੌਜਦਾਰ ਸੈਫ ਅਲੀ ਖਾਨ, ਕਰਮ ਬਖਸ਼ ਰਸੂਲ ਨਗਰੀਆ, ਅਗਰ ਖਾਨ ਆਦਿ ਮਾਰੇ ਗਏ ਸਨ। ਸਰਦਾਰ ਜੱਸਾ ਸਿੰਘ ਆਲੂਵਾਲੀਆ ਅਤੇ ਸਰਦਾਰ ਚੜਤ ਸਿੰਘ ਸ਼ੁਕਰੀਆਂ ਵੀ ਬਹੁਤ ਜ਼ਖਮੀ ਹੋਏ। ਪਰ ਇਹ ਸਿੰਘ ਘਸੀਟ ਵੱਟ ਕੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗੁੰਜਾਂਦੇ ਮੈਦਾਨ- ਏ -ਜੰਗ ਵਿੱਚ ਜੂਝਦੇ ਰਹੇ। ਸਿੱਖ ਇਤਿਹਾਸ ਵਿੱਚ ਇਹ ਪਹਿਲਾ ਦਿਨ ਸੀ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਿੰਘ ਸ਼ਹੀਦ ਹੋਏ ਸਨ।

ਇਸ ਘੱਲੂਘਾਰੇ ਵਿੱਚ ਸਿੱਖ ਕੌਮ ਦਾ ਬਹੁਤ ਨੁਕਸਾਨ ਹੋਇਆ, ਸਿੱਖ ਇਤਿਹਾਸ ਵਿੱਚ ਇਸ ਨੂੰ ਪਹਿਲਾ ਜਾ ਛੋਟੇ ਘੱਲੂਕਾਰੇ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਇਹ ਘੱਲੂਕਾਰਾ ਮਈ ੧੭੪੬ ਈ. ਨੂੰ ਵਾਪਰਿਆ ਸੀ। ਇਸ ਦਿਨ ਦੀ ਯਾਦ ਵਿੱਚ ਜ਼ਿਲਾ ਗੁਰਦਾਸਪੁਰ ਦੇ ਨਗਰ ਕਾਹਨੂੰਵਾਨ ਵਿਖੇ ਹਰ ਸਾਲ ਸ਼ਹੀਦੀ ਜੋੜ ਮੇਲਾ ਮਨਾਇਆ ਜਾਂਦਾ ਹੈ। ◆◆

HERITAGE

# ਕੈਨੇਡਾ ’ਚ ‘ਨਾਗਰਿਕਤਾ’ ਸਬੰਧੀ ਨਵਾਂ ਬਿੱਲ ਹੋਇਆ ਪੇਸ਼




ਕੈਨੇਡਾ ਦੀ ਸਰਕਾਰ ਨੇ ਵੰਸ਼ ਦੇ ਆਧਾਰ ’ਤੇ ਨਾਗਰਿਕਤਾ ਸਬੰਧੀ ਮੌਜੂਦਾ ਸੀਮਾ ਨੂੰ ਹਟਾਉਣ ਲਈ ਇੱਕ ਨਵਾਂ ਬਿੱਲ ਪੇਸ਼ ਕੀਤਾ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਭਾਰਤੀ ਪ੍ਰਵਾਸੀਆਂ ਅਤੇ ਹੋਰ ਪ੍ਰਵਾਸੀ ਭਾਈਚਾਰਿਆਂ ਨੂੰ ਲਾਭ ਪਹੁੰਚਾਉਣ ਦੀ ਉਮੀਦ ਹੈ। ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਮੇਟਲੇਜ ਡਾਇਬ ਨੇ ਹਾਲ ਹੀ ਵਿਚ ਸੀ-3 ਸਿਰਲੇਖ ਵਾਲਾ ਇੱਕ ਬਿੱਲ ਪੇਸ਼ ਕੀਤਾ, ਜੋ ਪਹਿਲੀ ਪੀੜ੍ਹੀ ਤੋਂ ਅੱਗੇ ਵੰਸ਼ ਦੇ ਆਧਾਰ ’ਤੇ ਨਾਗਰਿਕਤਾ ਪ੍ਰਦਾਨ ਕਰੇਗਾ। ਇਸ ਫ਼ੈਸਲੇ ਦਾ ਭਾਰਤੀ ਡਾਇਸਪੋਰਾ ਸਮੇਤ ਕਈ ਪ੍ਰਵਾਸੀਆਂ ਨੇ ਸਵਾਗਤ ਕੀਤਾ ਹੈ। 2009 ਵਿੱਚ ਲਾਗੂ ਕੀਤਾ ਗਿਆ ਮੌਜੂਦਾ ਨਿਯਮ ਕੈਨੇਡਾ ਤੋਂ ਬਾਹਰ ਪੈਦਾ ਹੋਈ ਪਹਿਲੀ ਪੀੜ੍ਹੀ ਤੱਕ ਹੀ ਵੰਸ਼ ਦੇ ਆਧਾਰ ’ਤੇ ਕੈਨੇਡੀਅਨ ਨਾਗਰਿਕਤਾ ਨੂੰ ਸੀਮਤ ਕਰਦਾ ਹੈ। ਇਸਦਾ ਮਤਲਬ ਹੈ ਕਿ ਇੱਕ ਕੈਨੇਡੀਅਨ ਨਾਗਰਿਕ ਜੋ ਖੁਦ ਕੈਨੇਡਾ ਤੋਂ ਬਾਹਰ ਪੈਦਾ ਹੋਇਆ ਸੀ, ਵਿਦੇਸ਼ ਵਿੱਚ ਪੈਦਾ ਹੋਏ ਬੱਚੇ ਨੂੰ ਆਪਣੀ ਨਾਗਰਿਕਤਾ ਨਹੀਂ ਦੇ ਸਕਦਾ ਸੀ। ਇਸੇ ਤਰ੍ਹਾਂ ਉਹ ਵਿਦੇਸ਼ਾਂ ਵਿੱਚ ਗੋਦ ਲਏ ਬੱਚੇ ਲਈ ਸਿੱਧੀ ਨਾਗਰਿਕਤਾ ਲਈ ਅਰਜ਼ੀ ਨਹੀਂ ਦੇ ਸਕਦੇ ਸਨ। ਪ੍ਰਸਤਾਵਿਤ ਬਿੱਲ ਦਾ ਉਦੇਸ਼ ਇਸ ਰੂਲ ਨੂੰ ਬਦਲਣਾ ਹੈ। ਇਹ ਕਾਨੂੰਨ ਪਿਛਲੇ ਮਾਰਚ ਵਿੱਚ ਸਾਬਕਾ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਦੁਆਰਾ ਵੀ ਪੇਸ਼ ਕੀਤਾ ਗਿਆ ਸੀ, ਪਰ ਇਸਨੂੰ ਪਾਸ ਨਹੀਂ ਕੀਤਾ ਜਾ ਸਕਿਆ, ਜਿਸਦੇ ਨਤੀਜੇ ਵਜੋਂ ਇਸਨੂੰ ਦੁਬਾਰਾ ਪੇਸ਼ ਕੀਤਾ ਗਿਆ। ਇਹ ਬਿੱਲ ਇੱਕ ਨਵੀਂ ਪ੍ਰਣਾਲੀ ਦਾ ਵੀ ਪ੍ਰਸਤਾਵ ਰੱਖਦਾ ਹੈ ਜਿਸ ਦੇ ਤਹਿਤ ਵਿਦੇਸ਼ਾਂ ਵਿੱਚ ਜਨਮੇ ਕੈਨੇਡੀਅਨ ਮਾਪੇ ਆਪਣੇ ਵਿਦੇਸ਼ੀ ਜੰਮੇ ਬੱਚਿਆਂ ਨੂੰ ਨਾਗਰਿਕਤਾ ਦੇ ਸਕਦੇ ਹਨ-ਬਸ਼ਰਤੇ ਮਾਪੇ ਬੱਚੇ ਦੇ ਜਨਮ ਜਾਂ ਗੋਦ ਲੈਣ ਤੋਂ ਪਹਿਲਾਂ ਘੱਟੋ-ਘੱਟ 1,095 ਦਿਨ (ਜਾਂ ਤਿੰਨ ਸਾਲ) ਕੈਨੇਡਾ ਵਿੱਚ ਰਹੇ ਹੋਣ। IRCC ਮੁਤਾਬਕ, “ਜੇਕਰ ਬਿੱਲ ਸੰਸਦ ਦੇ ਦੋਵੇਂ ਸਦਨਾਂ ਵਿੱਚ ਪਾਸ ਹੋ ਜਾਂਦਾ ਹੈ ਅਤੇ ਵੱਡੀ ਮਨਜ਼ੂਰੀ ਪ੍ਰਾਪਤ ਕਰਦਾ ਹੈ, ਤਾਂ ਅਸੀਂ ਇਹਨਾਂ ਤਬਦੀਲੀਆਂ ਨੂੰ ਲਾਗੂ ਕਰਨ ਲਈ ਜਿੰਨੀ ਜਲਦੀ ਹੋ ਸਕੇ ਕੰਮ ਕਰਾਂਗੇ।”

## Ferozepur Fort Opens After 200 Years




In a move to promote heritage tourism and reconnect locals with the region’s military legacy, the Army’s Golden Arrow Division has opened the historic Ferozepur Fort to the public for the first time in over two centuries. The fort is located near the Indo-Pakistan border and was inaugurated by the Army as part of a broader initiative to preserve national heritage and encourage responsible tourism in border areas. The reopening is expected to boost tourism in Punjab and also educate visitors on India’s military past and the independence movement.

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰੂ ਰਾਮਦਾਸ ਸਾਹਿਬ ਜੀ ਕਿਸ ਸਾਲ ਗੋਇੰਦਵਾਲ ਸਾਹਿਬ ਗਏ ਸਨ?**

a. 1552 b. 1564
c. 1553 d. 1563

**2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਿਰੀਰਾਗੁ ਮਹਲਾ ੩ ਵਿੱਚ ਕਿੰਨੇ ਸ਼ਬਦ ਹਨ?**

a. 31 b. 30
c. 8 d. 6

**3. ਸਿੱਖ ਧਰਮ ਇਕ ਰੂਹਾਨੀ ਅਨੁਭਵ ਹੈ ਜਿਥੇ ਮਨੁੱਖ ਇਹਨਾਂ ਵਿਚੋਂ ਕਿਸ ਨਾਲ ਇਕਮਿਕ ਹੋ ਜਾਂਦਾ ਹੈ?**

a. Akal Purakh (ਅਕਾਲ ਪੁਰਖ)
b. Nature (ਕੁਦਰਤ)
c. All people (ਸਾਰੇ ਮਨੁਖਾਂ ਨਾਲ)
d. All of these (ਇਨਾਂ ਸਭ ਨਾਲ)

**4. ਹੇਠ ਲਿਖੇ ਵਿਚੋਂ ਗੁਰਸਿੱਖੀ ਦੀ ਘਾਲ ਕਿਹੜੀ ਹੈ?**

A. Preventing the mind from vices (ਮਨ ਨੂੰ ਵਿਕਾਰਾਂ ਤੋਂ ਰੋਕਣਾ)
B. Use Dasvandh wisely (ਦੰਸਵਧ ਨੂੰ ਸੂਝ ਬੂਝ ਨਾਲ ਵਰਤਣਾ)
C. Doing the work honestly (ਕਿਰਤ ਵਿਚ ਇਮਾਨਦਾਰੀ)
D. All of them (ਇਹ ਸਾਰੇ ਹੀ)

**5. ਗੁਰੂ ਰਾਮਦਾਸ ਸਾਹਿਬ ਜੀ ਕਿਹੜੇ ਸਾਲ ਵਿੱਚ ਗੁਰਤਾ ਗੱਦੀ ਤੇ ਬੈਠੇ ਸਨ?**

a. 1552 b. 1574
c. 1570 d. 1564

(ਦੇਖੋ ਉੱਤਰ ਪੰਨਾ 4 ’ਤੇ)

# Gurbani & Virasat
# Guiding the Next Generation

In today's digital and fast-paced world, many Sikh youth are growing distant from their cultural and spiritual identity. The influence of modern media, peer pressure, and a lack of meaningful exposure to Sikh teachings often leads to confusion, loss of direction, and weakened community bonds. To bridge this gap, the community must work collectively to make Sikhi relevant, accessible, and inspiring to the younger generation.

Gurbani is the spiritual heart of Sikhism. Its teachings are timeless and deeply relevant to modern life, offering wisdom on how to live with peace, humility, and courage. However, instead of rote recitation, youth must be encouraged to understand the meanings and messages within Gurbani. Interactive discussions, relatable interpretations, and digital platforms can help young minds connect personally with the Guru's words.

Equally important are Sikh moral values—truthfulness, seva (selfless service), compassion, and equality. These values are tools to navigate life with strength and dignity. When youth are involved in seva at Gurdwaras, charitable projects, and community efforts, they begin to live the values rather than just learn them. Sikhism becomes a lifestyle, not just a set of beliefs.

Our virasat (heritage) and history are rich with inspiration. Stories of Guru Nanak Dev Ji's spiritual revolution, Guru Gobind Singh Ji's sacrifices, and the unmatched bravery of Sikh martyrs offer powerful role models. But these stories must be told in engaging ways—through storytelling, theatre, digital media, and art—to spark curiosity and pride.

Dialogue and mentorship are key. Youth want space to ask questions, express doubts, and explore their faith without judgment. When elders become guides instead of enforcers, and when learning becomes a two-way process, young people feel valued and connected

Reconnecting youth to their Sikh roots requires love, creativity, and sincerity. It's not about enforcing tradition, but about showing the beauty, strength, and wisdom of Sikhi in a way that speaks to the minds and hearts of the next generation. A faith lived with meaning and pride will always inspire loyalty and belonging.

- Chief Editor




## SIKH MATRIMONIALS

Sikh boy wanted for UK based girl, 25 years old, 5 feet 3 inches., working as Psychologist in UK. On work permit.. Did masters in clinical Psychology from UK. Contact Whatsapp no. 9971863565

Looking for a Suitable Bride for Sikh boy, Oct 90, 5'7" Master in Aeronautical Engineering from Purdue university USA, working in USA. Cont- Delhi /whatsapp +91 9810366630 Father (currently in Toronto Canada)

Sikh girl required for 29 years boy height 5 feet 9 inches,working as aeronautical engineer in Calgary, Canada, Earning 100,000 CAD Annually. Contact whatapp no. 9971863565

Suitable match for gursikh boy, July 98 born/5'10" Working as a manager since 2022 Graduate in Marketing management from KPU(Kwantlan Politechnic University),Vancouver Canada, Phone - 9953223721

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. B 2. A 3. D 4. D 5. B

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555